ਨੰ:4ਐਮਈ2-ਪੰ:-2015/ 8239-8350 ਮਿਤੀ, ਚੰਡੀਗੜ੍ਹ:- 21/5/2015

ਵੱਲੋਂ:

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ,

1) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ।
2) ਡਾਇਰੈਕਟਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ), ਪੰਜਾਬ, ਚੰਡੀਗੜ੍ਹ।
3) ਡਾਇਰੈਕਟਰ, ਸਿਹਤ ਸੇਵਾਵਾਂ (ਸ.ਬ.), ਪੰਜਾਬ, ਚੰਡੀਗੜ੍ਹ।
4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਫਰੀਦਕੋਟ।
5) ਪ੍ਰਿੰਸੀਪਲ, ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ/ ਅੰਮ੍ਰਿਤਸਰ।
6) ਪੰਜਾਬ ਰਾਜ ਦੇ ਸਾਰੇ ਸਕੂਲ ਆਫ ਨਰਸਿੰਗ ਦੇ ਪ੍ਰਿੰਸੀਪਲਾਂ ਨੂੰ।
7) ਪੰਜਾਬ ਰਾਜ ਦੇ ਸਿਵਲ ਸਰਜਨਾਂ ਨੂੰ।
8) ਇਸ ਦਫਤਰ ਦੇ ਅਧੀਨ ਕੰਮ ਕਰਦੀਆਂ ਸੰਸਥਾਵਾਂ ਦੇ ਮੁੱਖੀਆਂ ਨੂੰ।
9) ਪ੍ਰਿੰਸੀਪਲ, ਮੈਡੀਕਲ ਅਫਸਰ ਨੰਗਲ/ਤਲਵਾੜਾ/ਸੁੰਦਰ ਨਗਰ ਅਤੇ ਚੰਡੀਗੜ੍ਹ।
10) ਕੈਮੀਕਲ ਐਗਜਾਮੀਨਰ, ਪੰਜਾਬ, ਪਟਿਆਲਾ।
11) ਮੈਡੀਕਲ ਸੁਪਰਡੰਟ, ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ/ਜਲੰਧਰ/ਲੁਧਿਆਣਾ/ ਮਾਤਾ ਕੁਸੱਲਿਆ ਹਸਪਤਾਲ, ਪਟਿਆਲਾ।
12) ਪ੍ਰਿੰਸੀਪਲ, ਫੈਮਿਲੀ ਪਲਾਨਿੰਗ ਸੈਂਟਰ, ਖਰੜ।
13) ਸਾਰੇ ਸੀਨੀਅਰ ਮੈਡੀਕਲ ਅਫਸਰ ਆਫ ਸਟੇਟ ਆਫ ਪੰਜਾਬ।
14) ਮੈਡੀਕਲ ਸੁਪਰਡੰਟ, ਰਾਜਿੰਦਰਾ ਹਸਪਤਾਲ, ਪਟਿਆਲਾ/ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ/ਜੀ.ਜੀ.ਐਸ.ਹਸਪਤਾਲ, ਫਰੀਦਕੋਟ।
15) ਡਿਪਟੀ ਮੈਡੀਕਲ ਸੁਪਰਡੰਟ, ਟੀ.ਬੀ.ਹਸਪਤਾਲ, ਪਟਿਆਲਾ/ ਟੀ.ਬੀ.ਸੈਨਾਟੋਰੀਅਮ, ਅੰਮ੍ਰਿਤਸਰ।

ਵਿਸ਼ਾ:- ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਬੀ ਐਸ ਸੀ ਨਰਸਿੰਗ ਪਾਸ ਕਰਮਚਾਰਨਾਂ ਨੂੰ ਆਪਣੇ ਹੀ ਤਨਖਾਹ ਸਕੇਲ ਵਿਚ ਅਡਜਸਟ ਕਰਨ ਬਾਰੇ।

****

ਉਪਰੋਕਤ ਵਿਸ਼ੇ ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਬੀ ਐਸ ਸੀ (ਨਰਸਿੰਗ) ਪਾਸ ਕੀਤੀ ਕਰਮਚਾਰਨਾਂ ਨੂੰ ਆਪਣੇ ਹੀ ਤਨਖਾਹ ਸਕੇਲ ਵਿਚ ਅਡਜਸਟ ਕਰਨ ਦੀ ਤਜਵੀਜ ਹੈ। ਇਹਨਾਂ ਕਰਮਚਾਰਨਾਂ ਨੂੰ ਹੇਠ ਲਿਖਿਆਂ ਸਰਤਾਂ ਤੇ ਬਤੌਰ ਟਿਊਟਰ ਰੀ-ਡੇਜਿਗਨੇਟ ਕੀਤਾ ਜਾਵੇਗਾ:-

(ੳ) ਇਹਨਾਂ ਕਰਮਚਾਰਨਾਂ ਨੂੰ ਸੀਨੀਆਰਤਾ ਅਤੇ ਤਜਰਬੇ ਦੇ ਆਧਾਰ ਤੇ ਹੀ ਨਿਯੁਕਤ ਕੀਤਾ ਜਾਵੇਗਾ।

(ਅ) ਇਹਨਾਂ ਕਰਮਚਾਰਨਾਂ ਨੂੰ 5 ਸਾਲ ਦੇ ਸਮੇਂ ਦੇ ਅੰਦਰ-2 ਐਮ ਐਸ ਸੀ ਨਰਸਿੰਗ ਕਰਨੀ ਹੋਵੇਗੀ ਕਿਉਂਜੋਂ ਨਰਸਿੰਗ ਕਾਡਰ ਵਿਚ ਐਮ ਐਸ ਸੀ ਪਾਸ ਹੋਣ ਤੇ ਹੀ ਉਪਰਲੀ ਅਸਾਮੀ ਤੇ ਤਰੱਕੀ ਲਈ ਵਿਚਾਰਿਆ ਜਾ ਸਕਦਾ ਹੈ। ਇਹ ਐਮ ਐਸ ਸੀ ਉਸ ਵਿਸ਼ੇ ਵਿਚ ਹੀ ਕਰਨ ਦੀ ਪਰਵਾਨਗੀ ਹੋਵੇਗੀ ਜਿਸ ਸਪੈਸਲਿਟੀ ਵਿਚ ਨਰਸਿੰਗ ਟੀਚਰ ਘੱਟ ਹਨ। ਇਸ ਐਮ ਐਸ ਸੀ ਦੇ ਸਮੇਂ ਨੂੰ ਸੱਟਡੀ ਲੀਵ ਮੰਨਿਆ ਜਾਵੇਗਾ ਅਤੇ ਇਹਨਾਂ ਕਰਮਚਾਰਨਾਂ ਨੂੰ ਉਕਤ ਸੱਟਡੀ ਲੀਵ ਦੇ ਬਦਲੇ ਵਿਚ ਸਰਕਾਰ ਦੀ 10 ਸਾਲ ਤੱਕ ਸੇਵਾ ਕਰਨ ਲਈ ਜਾਂ ਰਿਟਾਇਰਮੈਂਟ ਦੀ ਮਿਤੀ ਤੱਕ ਜੋ ਵੀ ਪਹਿਲਾਂ ਹੋਵ ਜਾਂ 50 ਲੱਖ ਰੁਪੈ ਦਾ ਬਾਂਡ ਭਰ ਕੇ ਦੇਣਾ ਪਵੇਗਾ।

ਜਿਹੜੇ ਵਿਸਿਆਂ ਵਿੱਚ ਟੀਚਰ ਉਪਲਬਧ ਜੇਕਰ ਉਹਨਾਂ ਵਿਸੀਆਂ ਵਿਚ ਕੋਈ ਕਰਮਚਾਰਨ ਐਮ ਐਸ ਸੀ ਕਰਦੀ ਹੈਤਾਂ ਆਪਣੇ ਖਰਚੇ ਤੇ ਆਪਣੀ ਬਣਦੀ ਛੁੱਟੀ ਲੈ ਕੇ ਕਰੇਗੀ ਅਤੇ ਇਹਨਾਂ ਕਰਮਚਾਰਨਾਂ ਨੂੰ ਨਰਸਿੰਗ ਫੈਕਲਟੀ ਦੀ ਅਸਾਮੀ ਖਾਲੀ ਹੋਣ ਤੇ ਨਿਯਮਾਂ ਅਧੀਨ ਹੀ ਵਿਚਾਰਿਆ ਜਾਵੇਗਾ।

(ੲ) ਬੀ ਐਸ ਸੀ ਨਰਸਿੰਗ ਕਰਮਚਾਰਨਾਂ ਜਦੋਂ ਤੱਕ ਐਮ ਐਸ ਸੀ ਪਾਸ ਨਹੀਂ ਕਰ ਲੈਂਦੀ ਤਾਂ ਉਦੋਂ ਤੱਕ ਇਹਨਾਂ ਕਰਮਚਾਰਨਾਂ ਦਾ ਕਾਡਰ ਡੀ ਐਚ ਐਸ ਪੰਜਾਬ ਦਾ ਰਹੇਗਾ ਅਤੇ ਇਹਨਾਂ ਕਰਮਚਾਰਨਾਂ ਨੂੰ ਕਿਸੇ ਵੀ ਕਾਰਨ ਡੀ ਐਚ ਐਸ ਪੰਜਾਬ ਅਧੀਨ ਬਦਲਿਆ ਜਾ ਸਕਦਾ ਹੈ।

(ਹ) ਜਿਹੜੀ ਬੀ ਐਸ ਸੀ ਸਟਾਫ ਨਰਸ ਕਰਮਚਾਰਨਾਂ ਪਹਿਲਾਂ ਤੋਂ ਹੀ ਕੰਮ ਕਰ ਰਹੀਆਂ ਹਨ, ਉਹਨਾਂ ਨੂੰ ਉਹਨਾਂ ਡੀ ਐਚ ਐਸ ਪੰਜਾਬ ਦਾ ਕਾਡਰ ਹੋਣ ਕਾਰਨ ਇਹਨਾਂ ਨੂੰ ਅਗਲੇ ਹੁਕਮਾਂ ਤੱਕ ਆਰਜੀ ਤੌਰ ਤੇ ਆਪਣੇ ਹੀ ਤਨਖਾਹ ਸਕੇਲ ਵਿਚ ਬਿਨਾਂ ਕਿਸੇ ਵਿੱਤੀ ਲਾਭ ਦੇ ਇਸ ਸਰਤ ਤੇ ਰੀ-ਡੇਜਿਗਨੇਟ ਕੀਤਾ ਜਾਵੇਗਾ ਕਿ ਇਹਨਾਂ ਕਰਮਚਾਰਨਾਂ ਦਾ ਕਾਡਰ ਡੀ ਐਚ ਐਸ ਪੰਜਾਬ ਦਾ ਹੀ ਰਹੇਗਾ ਅਤੇ ਇਹਨਾਂ ਨੂੰ ਕਿਸੇ ਵੀ ਕਾਰਨ ਕਰਕੇ ਡੀ ਐਚ ਐਸ ਪੰਜਾਬ ਅਧੀਨ ਬਦਲਿਆ ਜਾ ਸਕੇਗਾ। ਇਹਨਾਂ ਕਰਮਚਾਰਨਾਂ ਨੂੰ ਵੀ ਉਕਤ (ੳ), (ਅ) ਅਤੇ (ੲ) ਸਬ ਪੈਰਾ ਦੇ ਅਧੀਨ ਸਰਤਾਂ ਤੇ ਐਮ ਐਸ ਸੀ ਕਰਨ ਦੀ ਆਗਿਆ ਦਿੱਤੀ ਜਾ ਸਕੇਗੀ।

ਉਕਤ ਤਜਵੀਜ ਦੇ ਮੱਦੇ ਨਜਰ ਜਿਹੜੀ, ਬੀ ਐਸ ਸੀ ਨਰਸਿੰਗ ਪਾਸ ਕਰਮਚਾਰਨਾਂ ਸਰਕਾਰੀ ਕਾਲਜ ਆਫ ਨਰਸਿੰਗ, ਪਟਿਆਲਾ ਅਤੇ ਅਮ੍ਰਿਤਸਰ ਵਿਖੇ ਉਕਤ ਸਰਤਾ ਅਧੀਨ ਅਡਜਸਟ ਹੋਣ ਦੀ ਚਾਹਵਾਨ ਹਨ, ਉਹ ਨਾਲ ਨੱਥੀ ਪ੍ਰੋਫਾਰਮੇ ਤੇ ਮਿਤੀ 17-6-2015 ਤੱਕ ਅਪਲਾਈ ਕਰ ਸਕਦੇ ਹਨ। ਇਹਨਾਂ ਕਰਮਚਾਰਨਾਂ ਨੂੰ ਉਕਤ ਸਰਤਾਂ ਦੀ ਪਾਲਣਾ ਕਰਨ ਸਬੰਧੀ ਸਵੈ-ਘੋਸਣਾ ਪੱਤਰ ਨਾਲ ਨੱਥੀ ਕਰਨਾ ਲਾਜਮੀ ਹੋਵੇਗਾ ਕਿਉਂਜੋਂ ਇਹ ਇਕ Stop-gap arrangement ਹੈ ਨਾ ਕਿ ਕੋਈ ਤਰੱਕੀ ਹੈ।

21/5/15

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ:4ਐਮਈ2-ਪੰ:-2015/8251 ਮਿਤੀ, ਚੰਡੀਗੜ੍ਹ:- 21/5/2015

ਉਤਾਰਾ ਸਕੱਤਰ ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ (ਸਿਹਤ-3 ਸਾਖਾ), ਚੰਡੀਗੜ੍ਹ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

21/5/15

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

## ਅਰਜੀ ਦਾ ਫਾਰਮ

1. ਨਾਮ ਅਤੇ ਅਹੁੱਦਾ:- ______________________________

2. ਜਿੱਥੇ ਹੁਣ ਕੰਮ ਕਰ ਰਹੇ ਹਨ:- ______________________________

3. ਨਿਯੁਕਤੀ ਦੀ ਮਿਤੀ:- ______________________________

ੳ) ਤਦ-ਅਰਥ ਆਧਾਰ ਤੇ : ------------------------------

ਅ) ਰੈਗੂਲਰ ਆਧਾਰ ਤੇ : ------------------------------

ੲ) ਕੈਟਾਗਰੀ : - ਜਨਰਲ/ਅਨੁਸੂਚਿਤ ਜਾਤੀ/ਪਛੜੀ ਸ੍ਰੇਣੀ/ਹੋਰ

4. ਬੀ ਐਸ ਸੀ ਕਿਸ ਸੰਸਥਾਂ ਤੋ ਕੀਤੀ ਗਈ ਹੈ ਅਤੇ ਸੈਸਨ ..............................
(ਡਿਗਰੀ ਦੀ ਕਾਪੀ ਨੱਥੀ ਕੀਤੀ ਜਾਵੇ

5. ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ):-
( ਹਰ ਸਥਾਨ ਤੇ ਕੀਤੀ ਗਈ ਨੌਂਕਰੀ ਦਾ ਮੁਕੰਮਲ ਵੇਰਵਾ )

| ਲੜੀ ਨੰ: | ਸਸਥਾਂ ਦਾ ਨਾਂ | ਅਹੁਦਾ (ਸਟਾਫ ਨਰਸ/ ਟਿਊਟਰ/ ਲੈਕਚਰਾਰ ਆਦਿ) | ਕਲਿਨੀਕਲ/ ਟੀਚਿੰਗ | | ਟੀਚਿੰਗ ਤਜਰਬਾ | |
|---|---|---|---|---|---|---|
| | | | ਮਿਤੀ ਤੋਂ | ਮਿਤੀ ਤਕ | ਮਿਤੀ ਤੋਂ | ਮਿਤੀ ਤਕ |
| | | | | | | |
| | | | | | | |

6. ਬੀ ਐਸ ਸੀ ਕਰਨ ਤੋਂ ਬਾਅਦ ਸੇਵਾ ਦਾ ਵੇਰਵਾ (ਸਹੀ ਮਿਤੀਆਂ ਸਹਿਤ):-
( ਹਰ ਸਥਾਨ ਤੇ ਕੀਤੀ ਗਈ ਨੌਂਕਰੀ ਦਾ ਮੁਕੰਮਲ ਵੇਰਵਾ )

| ਲੜੀ ਨੰ: | ਸੰਸਥਾਂ ਦਾ ਨਾਂ | ਅਹੁਦਾ (ਸਟਾਫ ਨਰਸ/ ਟਿਊਟਰ/ ਲੈਕਚਰਾਰ ਆਦਿ) | ਕਲਿਨੀਕਲ ਤਜਰਬਾ | | ਟੀਚਿੰਗ ਤਜਰਬਾ | |
|---|---|---|---|---|---|---|
| | | | ਮਿਤੀ ਤੋਂ | ਮਿਤੀ ਤਕ | ਮਿਤੀ ਤੋਂ | ਮਿਤੀ ਤਕ |
| | | | | | | |
| | | | | | | |

7. ਮੈਟ੍ਰਿਕ ਦੇ ਸਰਟੀਫਿਕੇਟ ਤੇ ਦਰਸਾਈ ਜਨਮ ਮਿਤੀ:- ----------------------------------------

8. ਇਹ ਤਸਦੀਕ ਕੀਤਾ ਜਾਵੇ ਕਿ ਤੁਸੀਂ ਅਨੁਸੂਚਿਤ ਜਾਤੀ/ਪਛੜੀਆਂ ਸ਼੍ਰੇਣੀਆਂ ਜਾਂ ਇੰਡੀਅਨ ਆਰਮੀ ਕੋਰਸ ਤੇ ਰਲੀਵ ਹੋਏ ਅਫਸਰ ਹੋ, ਇਸ ਸਬੰਧੀ ਸਬੂਤ ਵਜੋਂ ਸਰਟੀਫਿਕੇਟ ਨੱਥੀ ਕੀਤਾ ਜਾਵੇ:- ------------------

9. ਵਿਦਿਅਕ ਯੋਗਤਾ :- ਬੀ ਐਸ ਸੀ / ਐਮ ਐਸ ਸੀ

10. ਜਗ੍ਹਾ ਜਿਹੜੇ ਨਰਸਿੰਗ ਕਾਲਜ ਵਿੱਚ ਤੁਸੀਂ ਲੱਗਣਾ ਚਾਹੁੰਦੇ ਹੋ:- ਪਟਿਆਲਾ ਜਾਂ ਅੰਮ੍ਰਿਤਸਰ ( ਤਰਜੀਹ ਅਨੁਸਾਰ)।
1. .......................... 2. ..........................

ਮਿਤੀ: ------------------

ਸਥਾਨ: ------------------

**ਉਮੀਦਵਾਰ ਦੇ ਹਸਤਾਖਰ**

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੀ ਸੂਚਨਾਂ ਉੱਪਰ ਦੱਸੀ ਗਈ ਹੈ, ਉਹ ਕਰਮਚਾਰੀ ਦੀ ਸੇਵਾ ਰਿਕਾਰਡ ਮੁਤਾਬਿਕ ਹੈ ਅਤੇ ਬਿਲਕੁੱਲ ਠੀਕ ਹੈ। ਉਮੀਦਵਾਰ ਵਿਰੁੱਧ ਕੋਈ ਸ਼ਿਕਾਇਤ/ਇਨਕੁਆਰੀ ਨਹੀਂ ਚੱਲ ਰਹੀ ਅਤੇ ਇਨ੍ਹਾਂ ਦਾ ਕੰਮ-ਕਾਜ ਤਸੱਲੀਬਖਸ਼ ਹੈ। ਉਮੀਦਵਾਰ ਉਕਤ ਆਸਾਮੀ ਲਈ ਪੜ੍ਹਾਈ ਅਤੇ ਯੋਗਤਾਵਾਂ ਰੱਖਦਾ ਹੈ।

**ਕੰਟਰੋਲਿੰਗ ਅਫਸਰ**

ਸੈਲਫ ਅਟੈਸਟ ਕੀਤਾ

ਪਾਸਪੋਰਟ ਸਾਇਜ ਫੋਟੋ

## ਸਵੈ ਘੋਸਣਾ ਪੱਤਰ

ਮੈਂ ................................... ਬਤੌਰ ........................(ਅਹੁਦਾ)

................................ ਸੰਸਥਾਂ ਵਿਖੇ ਕੰਮ ਰਹੀ ਹਾਂ ਅਤੇ ਹੇਠ ਲਿਖੇ ਅਨੁਸਾਰ ਹਲਫ ਕਰਦੀ ਹਾਂ:-

(1) ਇਹ ਕਿ ਮੇਰੀ ਸੇਵਾ ਵਿਚ ਆਉਣ ਦੀ ਮਿਤੀ ............ ਹੈ।

(2) ਇਹ ਕਿ ਮੇਰੇ ਵਿਰੁੱਧ ਕੋਈ ਵਿਭਾਗੀ/ ਚੌਕਸੀ ਵਿਭਾਗ ਦੀ ਕੋਈ ਅਨੁਸਾਸ਼ਨੀ ਕਾਰਵਾਈ ਪੈਡਿੰਗ ਨਹੀ. ਹੈ।

(3) ਇਹ ਕਿ ਮੈਂ ............................... ਸੰਸਥਾਂ ਤੋਂ ਸਾਲ .................. ਦੌਰਾਨ ਬੀ ਐਸ ਸੀ ਨਰਸਿੰਗ ਪਾਸ ਕੀਤੀ ਹੈ ਅਤੇ ਇਹ ਆਈ ਐਨ ਸੀ ਵਲੋਂ ਮਾਨਤਾ ਪ੍ਰਾਪਤ ਹੈ।

(4) ਇਹ ਕਿ ਮੇਰਾ ਬੀ ਐਸ ਸੀ ਨਰਸਿੰਗ ਦਾ ਪੰਜਾਬ ਨਰਸਿਜ ਰਜਿਸਟਰੇਸਨ ਕੌਸੱਲ ਨਾਲ ਰਜਿਸਟਰੇਸਨ ਨੰਬਰ.................. ਹੈ।

(5) ਇਹ ਕਿ ਮੈਂ ਮੈਡੀਕਲ ਸਿਖਿਆ ਅਤੇ ਖੋਜ ਵਿਭਾਗ ਵਲੋਂ ਪੱਤਰ ਨੰ: ........... ਮਿਤੀ ............ ਵਿਚ ਦਰਸਾਈ ਸਰਤਾਂ ਤੇ ਕਾਲਜ ਆਫ ਨਰਸਿੰਗ, ਪਟਿਆਲਾ ਜਾਂ ਅਮ੍ਰਿਤਸਰ ਵਿਖੇ ਆਪਣੇ ਹੀ ਤਨਖਾਹ ਸਕੇਲ ਵਿਚ ਬਤੌਰ ਟਿਊਟਰ ਰੀ-ਡੇਜਿਗਨੇਟ ਹੋ ਕੇ ਕੰਮ ਕਰਨ ਦੀ ਚਾਹਵਾਨ ਹਾਂ।

(6) ਇਹ ਕਿ ਮੈਨੂੰ ਇਸ ਰੀ-ਡੇਜਿਗਨੇਸਨ ਦੇ ਸੰਬਧ ਵਿਚ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ ਦੇ ਪੱਤਰ ਨੰ: .............ਮਿਤੀ ..... ਰਾਹੀਂ ਨਿਰਧਾਰਤ ਸਰਤਾਂ ਮੰਨਜੂਰ ਹਨ।

ਬਿਆਨਕਰਤਾ

ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵਲੋਂ ਬਿਆਨ ਕੀਤਾ ਉਕਤ ਸਵੈ ਘੋਸਣਾ ਪੱਤਰ ਹਰ ਪਖੋਂ ਦਰੁਸਤ ਹੈ ਅਤੇ ਇਸ ਵਿਚ ਕੋਈ ਗੱਲ ਲੁਕਾਈ ਜਾ ਛਿਪਾਈ ਨਹੀਂ ਗਈ ਹੈ।

ਬਿਆਨਕਰਤਾ